# ਰਾਜ ਵਿਦਿਅਕ ਖੋਜ ਤੇ ਸਿਖਲਾਈ ਪ੍ਰੀਸ਼ਦ ਪੰਜਾਬ

ਜ.ਈ.ਬੀ. ਕੰਪਲੈਕਸ, ਵਿੱਦਿਆ ਭਵਨ, ਬਲਾਕ-ਈ, ਛੇਵੀਂ ਮੰਜਿਲ, ਫੇਜ਼-8, ਮੋਹਾਲੀ,

ਈਮੇਲ: directorscert@punjabeducation.gov.in, ਫੋਨ ਨੰ: 0172-2212221


---

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈਸਿੱ/ਐਸਿੱ),
ਸਮੂਹ ਸਕੂਲ ਮੁੱਖੀ (ਪ੍ਰਾਇਮਰੀ, ਮਿਡਲ, ਹਾਈ ਤੇ ਸੀਨੀਅਰ ਸੈਕੰਡਰੀ)
ਪੰਜਾਬ।

ਮੀਮੋ ਨੰਬਰ: **SCERT/23/2023-TRAINING-SCERT/455502/01**
ਮਿਤੀ,ਐਸ.ਏ.ਐਸ.ਨਗਰ 14.02.2023

**ਵਿਸ਼ਾ:-ਸਾਲ 2023-24 ਸ਼ੈਸ਼ਨ ਲਈ ਨਵੇਂ ਦਾਖਲ ਹੋਣ ਵਾਲੇ ਵਿਦਿਆਰਥੀਆਂ ਦਾ ਦਾਖਲਾ ਈ.ਪੰਜਾਬ. ਪੋਰਟਲ ਤੇ ਦਿੱਤੇ** Provisional Admission For Session 2023-24 **ਲਿੰਕ ਰਾਹੀਂ ਕਰਨ ਸੰਬੰਧੀ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਸਿੱਖਿਆ ਵਿਭਾਗ ਪੰਜਾਬ ਵੱਲੋਂ ਮਾਨਯੋਗ ਸਿੱਖਿਆ ਮੰਤਰੀ ਪੰਜਾਬ ਜੀ ਦੀ ਅਗਵਾਈ ਵਿੱਚ ਸਾਲ 2023-24 ਲਈ ਪੰਜਾਬ ਰਾਜ ਦੇ ਸਰਕਾਰੀ ਸਕੂਲਾਂ ਵਿੱਚ ਨਵੇਂ ਦਾਖਲਿਆਂ ਦੀ ਮੁਹਿੰਮ ਸ਼ੁਰੂ ਕਰਨ ਜਾ ਰਿਹਾ ਹੈ।

3.0 ਪੰਜਾਬ ਰਾਜ ਦੇ ਸਾਰੇ ਸਰਕਾਰੀ ਸਕੂਲਾਂ ਵਿੱਚ ਸਾਲ 2023-24 ਲਈ ਦਾਖਲ ਹੋਣ ਵਾਲੇ ਨਵੇਂ ਵਿਦਿਆਰਥੀਆਂ ਦਾ ਦਾਖਲਾ ਈ.ਪੰਜਾਬ. ਪੋਰਟਲ ਤੇ ਦਿੱਤੇ Provisional Admission For Session 2023-24 ਲਿੰਕ ਰਾਹੀਂ ਕੀਤਾ ਜਾਵੇਗਾ।

4.0 ਇਸ ਪੋਰਟਲ ਤੇ ਸਕੂਲ ਮੁੱਖੀ ਵੱਲੋਂ ਨਵੇ ਦਾਖਲ ਹੋਣ ਵਾਲੇ ਬੱਚਿਆ ਦੇ ਵੇਰਵੇ Provisional Admission For Session 2023-24 ਲਿੰਕ ਤੇ ਉਪਲੱਬਧ ਫਾਰਮ ਵਿੱਚ ਦਰਜ ਕੀਤੇ ਜਾਣਗੇ। ਇਹ ਸਪੱਸਟ ਕੀਤਾ ਜਾਂਦਾ ਹੈ ਕਿ ਇਸ ਲਿੰਕ ਤੇ ਸਿਰਫ ਨਵੇਂ ਦਾਖਲ ਹੋਣ ਵਾਲੇ ਬੱਚਿਆ ਦੇ ਵੇਰਵੇ ਹੀ ਦਰਜ ਕੀਤੇ ਜਾਣ। ਸਕੂਲ ਵਿੱਚ ਪਹਿਲਾ ਤੋਂ ਹੀ ਕਿਸੇ ਜਮਾਤ ਵਿੱਚ ਦਾਖਲ ਵਿਦਿਆਰਥੀਆਂ ਦੇ ਇੰਦਰਾਜ ਨਾ ਕੀਤੇ ਜਾਣ।

5.0 ਇਸ ਪੋਰਟਲ ਰਾਹੀਂ ਪ੍ਰਾਪਤ ਕੀਤੀ ਜਾਣ ਵਾਲੀ ਸੂਚਨਾ ਵਿਭਾਗ ਵੱਲੋਂ ਚਲਾਈ ਜਾ ਰਹੀ ਦਾਖਲਾ ਮੁਹਿੰਮ ਦੀ ਮਾਨਟਰਿੰਗ ਅਤੇ ਪੰਜਾਬ ਰਾਜ ਦੇ ਸਰਕਾਰੀ ਸਕੂਲਾਂ ਵਿੱਚ ਦਾਖਲੇ ਵਧਾਉਣ ਦੇ ਮੰਤਵ ਨਾਲ ਕੀਤੀ ਜਾ ਰਹੀ ਹੈ।

6.0 ਈ.ਪੰਜਾਬ. ਪੋਰਟਲ ਤੇ ਦਿੱਤੇ Provisional Admission For Session 2023-24 ਲਿੰਕ ਤੇ ਸਕੂਲਾਂ ਵਿੱਚ ਨਵੇ ਦਾਖਲ ਹੋਣ ਵਾਲੇ ਵਿਦਿਆਰਥੀਆਂ ਦੇ ਵੇਰਵੇ ਦਰਜ ਕਰਨ ਸੰਬੰਧੀ ਦਿਸ਼ਾ ਨਿਰਦੇਸ਼ ਹੇਠ ਲਿਖੇ ਅਨੁਸਾਰ ਹਨ:-

**6.1** ਸਕੂਲ ਦੇ ਲਾਗਇਨ ਤੋਂ school/office login ਵਿੱਚ ਲਗਾਇਨ ਕੀਤਾ ਜਾਵੇ।

**6.2** ਸਕੂਲ ਲਾਗਇਨ ਤੇ ਕਲਿਕ ਕਰਨ ਉਪਰੰਤ Provisional Admission For Session 2023-24 ਲਿੰਕ ਤੇ ਸਾਲ 2023-24 ਲਈ ਸਕੂਲਾਂ ਵਿੱਚ ਨਵੇ ਦਾਖਲ ਹੋਣ ਵਾਲੇ ਵਿਦਿਆਰਥੀਆਂ ਦੇ ਵੇਰਵੇ ਭਰੇ ਜਾਣ।

**6.3** ਵਿਦਿਆਰਥੀਆਂ ਦੇ ਵੇਰਵੇ ਭਰਨ ਉਪੰਰਤ ਸੈਸ਼ਨ 2023-24 ਲਈ ਸਕੂਲ ਵਿੱਚ ਉਹਨਾਂ ਦਾ ਆਰਜ਼ੀ ਦਾਖਲਾ ਹੋ ਜਾਵੇਗਾ ਜੋ ਕਿ 31 ਮਾਰਚ 2023 ਤੱਕ ਰਹੇਗਾ। ਇਸ ਉਪਰੰਤ ਸਕੂਲ ਵਿੱਚ ਇਹ ਨਵੇਂ ਦਾਖਲ ਹੋਏ ਵਿਦਿਆਰਥੀ ਸਕੂਲ ਦੀ ਕੁੱਲ ਗਿਣਤੀ ਵਿੱਚ ਸ਼ਾਮਿਲ ਹੋ ਜਾਣਗੇ।

7.0 ਈ.ਪੰਜਾਬ ਸਕੂਲ ਤੇ ਵਿਦਿਆਰਥੀਆਂ ਦੇ Provisional Admission For Session 2023-24 ਲਿੰਕ ਤੇ ਵਿਦਿਆਰਥੀਆਂ ਦੇ ਵੇਰਵੇ ਦਰਜ ਕਰਨ ਸੰਬੰਧੀ ਕੋਈ ਸਮੱਸਿਆ ਆਉਣ ਤੇ ਜ਼ਿਲ੍ਹਾ ਐਮ.ਆਈ.ਐਸ. ਕੋਆਰਡੀਨੇਟਰ ਜਾਂ ਬਲਾਕ ਐਮ.ਆਈ.ਐਸ. ਨਾਲ ਸੰਪਰਕ ਕੀਤਾ ਜਾਵੇ।

8.0 ਦਾਖਲਾ ਮੁਹਿੰਮ 2023 ਨੂੰ ਸਫਲ ਬਣਾਉਣ ਲਈ ਸਮੂਹ ਸਕੂਲ ਮੁੱਖੀ ਸਕੂਲ ਪੱਧਰ ਤੇ ਦਾਖਲਾ ਮੁਹਿੰਮ ਸੰਬੰਧੀ ਕਿਸੇ ਅਧਿਆਪਕ ਨੂੰ ਨੋਡਲ ਅਫਸਰ ਲਗਾਉਣਗੇ ਤਾਂ ਜੋ ਸੈਸ਼ਨ 2023-24 ਲਈ ਸਰਕਾਰੀ ਸਕੂਲਾਂ ਵਿੱਚ ਵਿਦਿਆਰਥੀਆਂ ਦੇ ਵੱਧ ਤੋਂ ਵੱਧ ਦਾਖਲੇ ਨੂੰ ਯਕੀਨੀ ਬਣਾਇਆ ਜਾ ਸਕੇ।

**ਡਾਇਰੈਕਟਰ**

**ਐਸ.ਸੀ.ਈ.ਆਰ.ਟੀ., ਪੰਜਾਬ**

**ਪਿੱਠ ਅੰਕਣ ਨੰਬਰ:- ਉਕਤ** **ਮਿਤੀ: 14.02.2023**

ਉਪਰੋਕਤ ਦਾ ਉਤਾਰਾ ਬਲਾਕ ਐਮ.ਆਈ.ਐਸ. ਕੋਆਰਡੀਨੇਟਰ ਅਤੇ ਜ਼ਿਲ੍ਹਾ ਐਮ.ਆਈ.ਐਸ. ਕੋਆਰਡੀਨੇਟਰ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:

**ਸਹਾਇਕ ਡਾਇਰੈਕਟਰ (ਟ੍ਰੇਨਿੰਗ)**

**ਐਸ.ਸੀ.ਈ.ਆਰ.ਟੀ., ਪੰਜਾਬ**